# ਮਰਜ਼ੀ ਨਾਲ ਜੂਏਬਾਜ਼ੀ ਤੋਂ ਬਾਹਰ ਰਹਿਣਾ

## ਪ੍ਰੋਗਰਾਮ ਬਾਰੇ

bclc



ਜੇ ਤੁਸੀਂ ਬਹੁਤ ਜ਼ਿਆਦਾ ਜੂਏਬਾਜ਼ੀ ਕਰ ਰਹੇ ਹੋ, ਜਾਂ ਇਹ ਹੁਣ ਇਕ ਖੇਡ ਵਾਂਗ ਮਹਿਸੂਸ ਨਹੀਂ ਹੁੰਦੀ ਤਾਂ ਬੀ ਸੀ ਐੱਲ ਸੀ ਦੇ ਮਰਜ਼ੀ ਨਾਲ ਜੂਏਬਾਜ਼ੀ ਤੋਂ ਬਾਹਰ ਰਹਿਣ ਦੇ ਪ੍ਰੋਗਰਾਮ (ਵਾਲੰਟੀਅਰੀ ਸੈਲਫ-ਐਕਸਕਲੂਜ਼ਨ ਪ੍ਰੋਗਰਾਮ) ਬਾਰੇ ਵਿਚਾਰ ਕਰੋ।

## ਇਹ ਕਿਸ ਤਰ੍ਹਾਂ ਕੰਮ ਕਰਦਾ ਹੈ?

ਮਰਜ਼ੀ ਨਾਲ ਜੂਏਬਾਜ਼ੀ ਤੋਂ ਬਾਹਰ ਰਹਿਣਾ, ਆਪਣੀ ਜੂਏਬਾਜ਼ੀ ਨੂੰ ਕੰਟਰੋਲ ਕਰਨ ਵਿਚ ਮਦਦ ਲੈਣ ਦਾ ਇਕ ਪਹਿਲਾ ਮਹੱਤਵਪੂਰਨ ਕਦਮ ਹੋ ਸਕਦਾ ਹੈ। ਜਦੋਂ ਤੁਸੀਂ ਇਸ ਵਿਚ ਦਾਖਲ ਹੁੰਦੇ ਹੋ ਤਾਂ ਤੁਸੀਂ ਸਲੌਟ ਮਸ਼ੀਨਾਂ, ਕਮਰਸ਼ੀਅਲ ਬਿੰਗੋ ਹਾਲਾਂ ਵਾਲੀਆਂ ਸਾਰੀਆਂ ਥਾਂਵਾਂ ਜਾਂ PlayNow.com ਤੋਂ ਬਾਹਰ ਰਹਿਣ ਲਈ ਇਕ ਸਮੇਂ ਦੀ ਚੋਣ ਕਰਦੇ ਹੋ – 6 ਮਹੀਨਿਆਂ, 1 ਸਾਲ, 2 ਸਾਲਾਂ, ਜਾਂ 3 ਸਾਲਾਂ ਲਈ।

ਤੁਹਾਡੇ ਵਿਚਾਰ ਕਰਨ ਲਈ ਤਿੰਨ ਚੋਣਾਂ ਹਨ। ਤੁਸੀਂ ਇਕ, ਦੋ, ਜਾਂ ਸਾਰੀਆਂ ਤਿੰਨਾਂ ਵਿਚ ਦਾਖਲ (ਸਾਈਨ ਅੱਪ) ਹੋ ਸਕਦੇ ਹੋ:

1) ਸਲੌਟ ਮਸ਼ੀਨਾਂ ਵਾਲੀਆਂ ਜੂਏਬਾਜ਼ੀ ਦੀਆਂ ਥਾਂਵਾਂ। ਇਨ੍ਹਾਂ ਵਿਚ ਕਾਸੀਨੋ, ਕਮਿਊਨਟੀ ਗੇਮਿੰਗ ਸੈਂਟਰ ਅਤੇ ਰੇਸ ਟਰੈਕਾਂ ਦੀਆਂ ਸਲੌਟ ਮਸ਼ੀਨਾਂ ਵਾਲੀਆਂ ਫਲੋਰਾਂ ਸ਼ਾਮਲ ਹਨ।

2) ਕਮਰਸ਼ੀਅਲ ਬਿੰਗੋ ਹਾਲ, ਕਮਿਊਨਟੀ ਗੇਮਿੰਗ ਸੈਂਟਰ ਅਤੇ ਬਿੰਗੋ ਖਿਡਾਉਣ ਵਾਲੇ ਕਾਸੀਨੋ।

3) PlayNow.com ’ਤੇ ਜੂਏਬਾਜ਼ੀ।

ਨੋਟ: ਜੇ ਤੁਸੀਂ ਜੂਏ ਵਾਲੀ ਕਿਸੇ ਵੀ ਥਾਂ ਤੋਂ ਮਰਜ਼ੀ ਨਾਲ ਬਾਹਰ ਰਹਿ ਰਹੇ ਹੋ ਤਾਂ ਮਰਜ਼ੀ ਨਾਲ ਬਾਹਰ ਰਹਿਣ ਦੇ ਸਮੇਂ ਦੌਰਾਨ ਤੁਸੀਂ PlayNow.com ’ਤੇ ਜੂਆ ਖੇਡਣ ਦੇ ਯੋਗ ਨਹੀਂ ਹੋ। ਜੇ ਤੁਹਾਡਾ PlayNow.com ਅਕਾਊਂਟ ਹੋਵੇ ਤਾਂ, ਬੀ ਸੀ ਐੱਲ ਸੀ ਇਸ ਨੂੰ ਆਪਣੇ ਆਪ ਬੰਦ ਕਰ ਦੇਵੇਗੀ।

ਨਿਯਮਾਂ ਅਤੇ ਕਾਨੂੰਨ ਮੁਤਾਬਕ, ਮਰਜ਼ੀ ਨਾਲ ਜੂਏਬਾਜ਼ੀ ਤੋਂ ਬਾਹਰ ਰਹਿਣ ਦੇ ਪ੍ਰੋਗਰਾਮ ਵਿਚ ਹੋਣ ਦੌਰਾਨ ਤੁਸੀਂ ਜੂਏਬਾਜ਼ੀ ਦੇ ਇਨਾਮ ਜਿੱਤਣ ਦੇ ਯੋਗ ਨਹੀਂ ਹੋ। ਇਸ ਤੋਂ ਇਲਾਵਾ, ਤੁਹਾਨੂੰ ਬੀ ਸੀ ਐੱਲ ਸੀ ਜਾਂ ਇਸ ਦੇ ਜੂਏਬਾਜ਼ੀ ਵਾਲੇ ਸਥਾਨਾਂ ਨੂੰ ਚਲਾਉਣ ਵਾਲਿਆਂ ਤੋਂ ਸਿੱਧੀ ਮਾਰਕੀਟਿੰਗ ਦੀ ਸਾਮੱਗਰੀ ਨਹੀਂ ਮਿਲੇਗੀ।

## ਮੈਂ ਨਾਂ ਕਿਵੇਂ ਦਾਖਲ ਕਰਨਾ ਹੈ?

ਜੂਏਬਾਜ਼ੀ ਵਾਲੀ ਕਿਸੇ ਥਾਂ ਤੋਂ ਮਰਜ਼ੀ ਨਾਲ ਬਾਹਰ ਰਹਿਣ ਲਈ, ਤੁਸੀਂ ਕਿਸੇ ਗੇਮਸੈਂਸ ਇਨਫੋ ਸੈਂਟਰ ਵਿਚ ਜਾ ਸਕਦੇ ਹੋ ਅਤੇ ਕਿਸੇ ਗੇਮਸੈਂਸ ਅਡਵਾਈਜ਼ਰ ਨਾਲ ਸਿੱਧੀ ਗੱਲ ਕਰ ਸਕਦੇ ਹੋ, ਜਾਂ ਕਾਸੀਨੋ, ਕਮਿਊਨਟੀ ਗੇਮਿੰਗ ਸੈਂਟਰ ਜਾਂ ਕਮਰਸ਼ੀਅਲ ਬਿੰਗੋ ਹਾਲ ਦੇ ਕਿਸੇ ਸਟਾਫ ਮੈਂਬਰ ਨਾਲ ਗੱਲ ਕਰ ਸਕਦੇ ਹੋ।

ਖਾਸ ਤੌਰ ’ਤੇ PlayNow.com ਤੋਂ ਆਪ ਬਾਹਰ ਰਹਿਣ ਲਈ, ਆਪਣੇ ਅਕਾਊਂਟ ’ਤੇ ਲੌਗਇਨ ਕਰੋ ਅਤੇ “ਮਾਈ ਅਕਾਊਂਟ” ਸੈਕਸ਼ਨ ਵਿਚ “ਸੈਲਫ-ਐਕਸਕਲੂਜ਼ਨ” ਖੋਲ੍ਹੋ। ਸਕਰੀਨਾਂ ਤੁਹਾਨੂੰ ਸਾਰੀ ਕਾਰਵਾਈ ਵਿਚ ਸੇਧ ਦੇਣਗੀਆਂ।

ਜ਼ਿਆਦਾ ਜਾਣਕਾਰੀ ਲਈ ਜਾਂ ਕੈਮਲੂਪਸ ਜਾਂ ਵੈਨਕੂਵਰ ਵਿਚ ਬੀ ਸੀ ਐੱਲ ਸੀ ਦੇ ਮੁੱਖ ਦਫਤੱਰਾਂ ਨਾਲ ਅਪੌਇੰਟਮੈਂਟ ਬਣਾਉਣ ਲਈ ਤੁਸੀਂ ਬੀ ਸੀ ਐੱਲ ਸੀ ਕਸਟਮਰ ਸੁਪੋਰਟ ਨੂੰ **1-866-815-0222** ਵੀ ਕਰ ਸਕਦੇ ਹੋ।

## ਦਾਖਲ ਹੋਣ ਵੇਲੇ ਕੀ ਹੁੰਦਾ ਹੈ?

ਜੂਏਬਾਜ਼ੀ ਦੀ ਕਿਸੇ ਥਾਂ ਤੋਂ ਆਪਣੇ ਆਪ ਨੂੰ ਬਾਹਰ ਰੱਖਣ ਵੇਲੇ, ਤੁਸੀਂ ਸਕਿਉਰਟੀ ਸਟਾਫ ਦੇ ਕਿਸੇ ਮੈਂਬਰ ਨੂੰ ਮਿਲੋਗੇ, ਜੋ ਆਪਣੇ ਆਪ ਨੂੰ ਬਾਹਰ ਰੱਖਣ ਦੀਆਂ ਬੇਨਤੀਆਂ ਨਾਲ ਸਿੱਝਣ ਲਈ ਟਰੇਂਡ ਹੁੰਦਾ ਹੈ।

ਜਦੋਂ ਉਪਲਬਧ ਹੋਵੇ, ਗੇਮਸੈਂਸ ਦੇ ਅਡਵਾਈਜ਼ਰ ਵੀ ਤੁਹਾਡੀ ਮਦਦ ਕਰ ਸਕਦੇ ਹਨ। ਉਹ ਟਰੇਂਡ ਪੇਸ਼ਾਵਰ ਲੋਕ ਹੁੰਦੇ ਹਨ ਜੋ ਤੁਹਾਡੇ ਵਲੋਂ ਕੀਤੇ ਜਾ ਰਹੇ ਔਖੇ ਫੈਸਲੇ ਨੂੰ ਸਮਝਦੇ ਹਨ ਅਤੇ ਉਹ ਜਿਸ ਵੀ ਤਰੀਕੇ ਨਾਲ ਹੋ ਸਕੇ ਤੁਹਾਡੀ ਮਦਦ ਕਰਨਗੇ।

ਤੁਹਾਨੂੰ ਸਰਕਾਰ ਵਲੋਂ ਜਾਰੀ ਕੀਤਾ ਗਿਆ ਪਛਾਣ ਪੱਤਰ ਦਿਖਾਉਣ ਲਈ ਕਿਹਾ ਜਾਵੇਗਾ ਜਿਸ ਉੱਪਰ ਤੁਹਾਡੇ ਦਸਖਤ ਅਤੇ ਤੁਹਾਡੀ ਫੋਟੋ ਹੋਵੇ। ਤੁਹਾਨੂੰ ਮਰਜ਼ੀ ਨਾਲ ਬਾਹਰ ਰਹਿਣ ਦੇ ਐਗਰੀਮੈਂਟ ਉੱਪਰ ਦਸਖਤ ਕਰਨ ਲਈ ਵੀ ਕਿਹਾ ਜਾਵੇਗਾ ਅਤੇ ਤੁਹਾਡੀ ਫੋਟੋ ਲਈ ਜਾਵੇਗੀ।

## ਅਗਾਂਹ ਕੀ ਹੁੰਦਾ ਹੈ?

ਆਪਣੇ ਫਾਰਮਾਂ ’ਤੇ ਤੁਹਾਡੇ ਵਲੋਂ ਦਸਖਤ ਕਰਨ ਤੋਂ ਬਾਅਦ, ਤੁਹਾਡਾ ਉਸ ਸਮੇਂ ਤੱਕ ਬਾਹਰ ਰਹਿਣਾ ਫੌਰਨ ਸ਼ੁਰੂ ਹੋ ਜਾਂਦਾ ਹੈ ਜਿਸ ਸਮੇਂ ਦੀ ਤੁਸੀਂ ਚੋਣ ਕੀਤੀ ਹੁੰਦੀ ਹੈ ਅਤੇ ਇਸ ਨੂੰ ਬਦਲਿਆ ਨਹੀਂ ਜਾ ਸਕਦਾ।

ਇਨਕੋਰ ਰਿਵਾਰਡ ਮੈਂਬਰਾਂ ਲਈ, ਤੁਹਾਡਾ ਅਕਾਊਂਟ ਬੰਦ ਕਰ ਦਿੱਤਾ ਜਾਵੇਗਾ ਅਤੇ ਤੁਹਾਡੇ ਜਿੰਨੇ ਵੀ ਪੋਆਇੰਟ ਹੋਣਗੇ, ਤੁਸੀਂ ਉਨ੍ਹਾਂ ਦੇ ਨਗਦ ਪੈਸੇ ਲੈਣ ਦੇ ਯੋਗ ਹੋ ਸਕਦੇ ਹੋ।

ਤੁਹਾਡੇ ਸਾਈਨ ਅੱਪ ਹੋ ਜਾਣ ’ਤੇ, ਤੁਹਾਨੂੰ ਆਪਣੇ ਵਚਨ ’ਤੇ ਪੱਕੇ ਰੱਖਣ ਵਿਚ ਤੁਹਾਡੀ ਮਦਦ ਕਰਨ ਲਈ ਤੁਹਾਡੇ ਵਲੋਂ ਦਿੱਤੀ ਗਈ ਜਾਣਕਾਰੀ ਜੂਏਬਾਜ਼ੀ ਦੀਆਂ ਲਾਗੂ ਹੋਣ ਵਾਲੀਆਂ ਥਾਂਵਾਂ ’ਤੇ ਸਕਿਉਰਟੀ ਦਫਤਰਾਂ ਨੂੰ ਦਿੱਤੀ ਜਾਵੇਗੀ।

ਦਾਖਲ ਹੋਣ ’ਤੇ, ਜੂਏਬਾਜ਼ੀ ਵਿਚ ਮਦਦ ਕਰਨ ਵਾਲੇ ਕਿਸੇ ਪ੍ਰੋਫੈਸ਼ਨਲ ਵਲੋਂ ਮੁਫਤ ਤੁਹਾਡੇ ਨਾਲ ਅਗਾਂਹ ਸੰਪਰਕ ਕੀਤੇ ਜਾਣ ਲਈ ਸਹਿਮਤੀ ਦੇਣ ਦਾ ਤੁਹਾਨੂੰ ਮੌਕਾ ਮਿਲੇਗਾ। ਆਪਣੇ ਆਪ ਨੂੰ ਬਾਹਰ ਰੱਖਣ ਦੌਰਾਨ ਜਿਹੜੇ ਲੋਕ ਮਦਦ ਲੈਂਦੇ ਹਨ ਜਾਂ ਕੌਂਸਲਿੰਗ ਵਿਚ ਹਿੱਸਾ ਲੈਂਦੇ ਹਨ, ਅਸੀਂ ਉਨ੍ਹਾਂ ਵਿਚ ਆਪਣੀ ਜੂਏਬਾਜ਼ੀ ’ਤੇ ਦੁਬਾਰਾ ਕੰਟਰੋਲ ਹਾਸਲ ਕਰਨ ਵਿਚ ਜ਼ਿਆਦਾ ਬਿਹਤਰ ਕਾਮਯਾਬੀ ਦੇਖਦੇ ਹਾਂ। ਆਪਣੇ ਦਾਖਲੇ ਦੇ ਸਮੇਂ ਦੌਰਾਨ ਕਿਸੇ ਸਮੇਂ ਵੀ ਤੁਸੀਂ **1-888-795-6111** ’ਤੇ ਬੀ ਸੀ ਗੇਮ ਇਨਫੋ ਲਾਈਨ ਨੂੰ

**ਮੇਰੇ ਵਲੋਂ ਐਗਰੀਮੈਂਟ 'ਤੇ ਦਸਖਤ ਕਰਨ ਤੋਂ ਬਾਅਦ ਕੀ ਬੀ ਸੀ ਐੱਲ ਸੀ ਮੈਨੂੰ ਜੂਏਬਾਜ਼ੀ ਦੀਆਂ ਥਾਂਵਾਂ ਤੋਂ ਬਾਹਰ ਰੱਖਣ ਲਈ ਜ਼ਿੰਮੇਵਾਰ ਹੈ?**

ਆਪਣੇ ਆਪ ਨੂੰ ਜੂਏਬਾਜ਼ੀ ਤੋਂ ਬਾਹਰ ਰੱਖਣ ਦੇ ਵਚਨ ਦੀ ਪਾਲਣਾ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੈ। ਮਰਜ਼ੀ ਨਾਲ ਜੂਏਬਾਜ਼ੀ ਤੋਂ ਬਾਹਰ ਰਹਿਣ ਦੇ ਪ੍ਰੋਗਰਾਮ ਦੇ ਐਗਰੀਮੈਂਟ 'ਤੇ ਦਸਖਤ ਕਰਕੇ ਤੁਸੀਂ ਆਪਣੀ ਜੂਏਬਾਜ਼ੀ ਲਈ ਜ਼ਿੰਮੇਵਾਰੀ ਪ੍ਰਵਾਨ ਕਰਦੇ ਹੋ। ਤੁਹਾਡੀ ਮਦਦ ਲਈ ਬੀ ਸੀ ਐੱਲ ਸੀ ਇੱਥੇ ਹੈ ਅਤੇ ਅਸੀਂ ਤੁਹਾਨੂੰ ਬੀ ਸੀ ਰਿਸਪੌਂਸੀਬਲ ਐਂਡ ਪ੍ਰੌਬਲਮ ਗੈਂਬਲਿੰਗ ਪ੍ਰੋਗਰਾਮ ਤੋਂ ਆਪਣੇ ਲਈ ਉਪਲਬਧ ਮਦਦਾਂ ਤੱਕ ਪਹੁੰਚ ਕਰਨ ਲਈ ਉਤਸ਼ਾਹ ਦਿੰਦੇ ਹਾਂ। ਕਈ ਤਰ੍ਹਾਂ ਦੇ ਵਸੀਲੇ ਹਨ ਜਿਨ੍ਹਾਂ ਤੱਕ ਬੀ ਸੀ ਗੇਮ ਇਨਫੋ ਲਾਈਨ ਨੂੰ **1-888-795-6111** 'ਤੇ ਫੋਨ ਕਰਕੇ ਪਹੁੰਚ ਕੀਤੀ ਜਾ ਸਕਦੀ ਹੈ।

**ਜੇ ਮੈਂ ਆਪਣਾ ਵਚਨ ਤੋੜਾਂ ਤਾਂ ਕੀ ਹੁੰਦਾ ਹੈ?**

ਬੀ ਸੀ ਐੱਲ ਸੀ ਉਨ੍ਹਾਂ ਦੀ ਪਛਾਣ ਕਰਨ ਲਈ ਕਦਮ ਚੁੱਕਦੀ ਹੈ ਜਿਹੜੇ ਇਸ ਵਚਨ ਨੂੰ ਤੋੜਨ ਦੀ ਕੋਸ਼ਿਸ਼ ਕਰਦੇ ਹਨ। ਜੇ ਤੁਸੀਂ ਮਰਜ਼ੀ ਨਾਲ ਜੂਏਬਾਜ਼ੀ ਤੋਂ ਬਾਹਰ ਰਹਿਣ ਦੇ ਆਪਣੇ ਸਮੇਂ ਦੌਰਾਨ ਜੂਏਬਾਜ਼ੀ ਦੀ ਕਿਸੇ ਥਾਂ ਵਿਚ ਦਾਖਲ ਹੁੰਦੇ ਹੋ ਅਤੇ ਪਛਾਣੇ ਜਾਂਦੇ ਹੋ ਤਾਂ ਤੁਹਾਨੂੰ ਸਕਿਉਰਟੀ ਸਟਾਫ ਵਲੋਂ ਬਿਲਡਿੰਗ ਤੋਂ ਬਾਹਰ ਲਿਜਾਇਆ ਜਾਵੇਗਾ। ਗੇਮਿੰਗ ਕੰਟਰੋਲ ਐਕਟ ਮੁਤਾਬਕ ਤੁਹਾਨੂੰ ਜੁਰਮ ਲਈ ਚਾਰਜ ਵੀ ਕੀਤਾ ਜਾ ਸਕਦਾ ਹੈ ਅਤੇ 5000 ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

bclc

# ਮਦਦ ਮਿਲਦੀ ਹੈ

ਬੀ ਸੀ ਐੱਲ ਸੀ ਦੇ ਗਾਹਕਾਂ ਲਈ ਮਦਦ
**1-866-815-0222**

---

ਬੀ ਸੀ ਗੇਮ ਇਨਫੋ ਲਾਈਨ
**1-888-795-6111**

VSE-B-02E